**Phone No. 01881-221157** **Fax No. 01881-221165**
**Email: madcropar@gmail.com**

# ਦਫਤਰ ਜਿਲ੍ਹਾ ਮੈਜਿਸਟਰੇਟ, ਰੂਪਨਗਰ।
(ਫੁਟਕਲ ਸ਼ਾਖਾ)

## ਹੁਕਮ:

ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਭ ਤੇ ਮ, ਸ਼ਾਖਾ, ਰੂਪਨਗਰ ਨੇ ਪੱਤਰ ਨੰ: 1334-35 ਮਿਤੀ 22.02.2021 ਰਾਹੀਂ ਮੇਰੇ ਧਿਆਨ ਵਿੱਚ ਲਿਆਂਦਾ ਹੈ ਕਿ ਹੋਲੇ ਮੁਹੱਲੇ ਦਾ ਇਤਿਹਾਸਕ ਤਿਉਹਾਰ ਸ੍ਰੀ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਿਤੀ 24-03-2021 ਤੋਂ ਮਿਤੀ 29-03-2021 ਤੱਕ ਮਨਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਲੱਖਾਂ ਦੀ ਤਾਦਾਦ ਵਿੱਚ ਦੇਸ਼-ਵਿਦੇਸ਼ ਤੋਂ ਸੰਗਤਾਂ ਮੱਥਾਂ ਟੇਕਣ ਆਉਂਦੀਆਂ ਹਨ। ਸ੍ਰੀ ਅਨੰਦਪੁਰ ਸਾਹਿਬ ਤੋਂ ਗੜ੍ਹਸ਼ੰਕਰ (Section ODR-1,RD 0.00 to 8.57= 8.57 Km & MDR-55 RD 32.620-40.820= 8.20 Km,8.57+8.20=16.770 km) ਜਿਲ੍ਹਾ ਰੂਪਨਗਰ ਸੜਕ ਦੀ ਉਸਾਰੀ/ਰਿਪੇਅਰ ਦਾ ਕੰਮ ਜੰਗੀ ਪੱਧਰ ਤੇ ਕਰਵਾਇਆ ਜਾ ਰਿਹਾ ਹੈ ਅਤੇ ਕੰਮ ਕਰ ਰਹੀ ਏਜੰਸੀ ਨੂੰ ਇਸ ਦਫਤਰ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਮਿਤੀ:22-02-2021 ਤੋਂ ਲੈ ਕੇ ਮਿਤੀ: 22-03-2021 ਤੱਕ ਸੜਕ ਦੀ ਉਸਾਰੀ ਦਾ ਕੰਮ ਜੰਗੀ ਪੱਧਰ ਤੇ ਕੀਤਾ ਜਾਵੇ ਤਾਂ ਜੋ ਹੋਲਾ ਮੁਹੱਲਾ ਦੇ ਤਿਉਹਾਰ ਤੋਂ ਪਹਿਲਾਂ-ਪਹਿਲਾਂ ਇਸ ਸੜਕ ਨੂੰ ਹਰ ਪੱਖੋ ਆਵਾਜਾਈ ਯੋਗ ਬਣਾਇਆ ਜਾ ਸਕੇ। ਇਸ ਸੜਕ ਤੇ ਬਹੁਤ ਹੈਵੀ ਟਰੈਫਿਕ ਦੀ ਆਵਾਜਾਈ ਹੋਣ ਕਰਕੇ ਸੜਕ ਤੇ ਕੰਮ ਕਰ ਰਹੀ ਲੇਬਰ ਅਤੇ ਮਸ਼ੀਨਰੀ ਆਦਿ ਨਾਲ ਕਿਸੇ ਵੀ ਸਮੇਂ ਵੀ ਕੋਈ ਹਾਦਸਾ ਵਾਪਰਨ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਸੜਕ ਤੇ ਹੈਵੀ ਓਵਰਲੋਡ ਟਿੱਪਰ/ ਭਾਰੀ ਵਹੀਕਲ ਚੱਲਣ ਤੇ ਰੋਕ ਲਗਵਾਈ ਜਾਵੇ। ਇਸ ਲਈ ਲੋਕ ਹਿੱਤ ਵਿੱਚ ਇਸ ਰੂਟ ਤੇ ਭਾਰੀ ਵਾਹਨਾਂ ਦੇ ਚੱਲਣ ਤੇ ਪਾਬੰਦੀ ਲਗਾਉਣੀ ਜਰੂਰੀ ਸਮਝੀ ਜਾਂਦੀ ਹੈ।ਆਮ ਜਨਤਾ ਤੇ ਹਿੱਤ ਵਿੱਚ ਹੇਠ ਦਰਸਾਏ ਰੂਟ ਪਲਾਨ ਅਨੁਸਾਰ ਟਰੈਫਿਕ ਡਾਈਵਰਟ ਕੀਤਾ ਜਾਂਦਾ ਹੈ।

1) ਟੀ ਪੁਆਇੰਟ ਅਗੰਮਪੁਰ ਤੋਂ ਝੱਜ ਚੌਂਕ ਜਾਣ ਵਾਲੀ ਸਾਰੀ ਟ੍ਰੈਫਿਕ ਨੂੰ ਵਾਇਆ ਮਹਿਰੋਲੀ ਡਾਇਵਰਟ ਕੀਤਾ ਜਾਂਦਾ ਹੈ।
2) ਝੱਜ ਚੌਂਕ ਤੋਂ ਸ੍ਰੀ ਅਨੰਦਪੁਰ ਸਾਹਿਬ ਆਉਣ ਵਾਲੀ ਟ੍ਰੈਫਿਕ ਇੱਕ ਤਰਫਾ(One Way ਸਿਰਫ ਆਈ.ਟੀ.ਆਈ ਅਗੰਮਪੁਰ ਤੋਂ ਅਗੰਮਪੁਰ ਚੌਂਕ ਤੱਕ) ਚਲੇਗੀ।

ਇਸ ਲਈ ਮੈਂ ਸੋਨਾਲੀ ਗਿਰਿ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਰੂਪਨਗਰ ਜਾਬਤਾ ਫੌਜਦਾਰੀ ਸੰਘਤਾ, 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਟੀ-ਪੁਆਇੰਟ ਅਗੰਮਪੁਰ ਤੋਂ ਝੱਜ ਚੌਂਕ ਜਾਣ ਵਾਲੀ ਸਾਰੀ ਟ੍ਰੈਫਿਕ ਨੂੰ ਵਾਇਆ ਮਹਿਰੋਲੀ ਡਾਇਵਰਟ ਕੀਤਾ ਜਾਂਦਾ ਹੈ ਅਤੇ ਝੱਜ ਚੌਂਕ ਤੋਂ ਸ੍ਰੀ ਅਨੰਦਪੁਰ ਸਾਹਿਬ ਆਉਣ ਵਾਲੀ ਟ੍ਰੈਫਿਕ ਇੱਕ ਤਰਫਾ(One Way ਸਿਰਫ ਆਈ.ਟੀ.ਆਈ ਅਗੰਮਪੁਰ ਤੋਂ ਅਗੰਮਪੁਰ ਚੌਂਕ ਤੱਕ) ਤੱਕ ਚਲੇਗੀ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਗੜ੍ਹਸ਼ੰਕਰ (Section ODR-1,RD 0.00 to 8.57= 8.57 Km & MDR-55 RD 32.620-40.820= 8.20 Km,8.57+8.20=16.770 km) ਜਿਲ੍ਹਾ ਰੂਪਨਗਰ ਆਉਣ ਜਾਣ ਵਾਲੇ ਹੈਵੀ ਓਵਰਲੋਡ ਟਿੱਪਰਾਂ/ਭਾਰੀ ਵਾਹਨਾਂ ਦੇ ਚੱਲਣ ਤੇ ਪੂਰਨ ਤੌਰ ਤੇ ਪਾਬੰਦੀ ਲਗਾਉਂਦੀ ਹਾਂ।

ਇਹ ਹੁਕਮ **ਮਿਤੀ 22-02-2021 ਤੋਂ 22-03-2021** ਤੱਕ ਲਾਗੂ ਰਹੇਗਾ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕਰਕੇ ਆਮ ਜਨਤਾ ਦੇ ਨਾਮ ਤੇ ਜਾਰੀ ਕੀਤਾ ਜਾਂਦਾ ਹੈ। ਇਸ ਹੁਕਮ ਦਾ ਜਿਲ੍ਹਾ ਲੋਕ ਸੰਪਰਕ ਅਫਰ, ਰੂਪਨਗਰ ਦੀ ਪ੍ਰਚਾਰ ਵੈਨ ਅਤੇ ਪ੍ਰੈਸ ਮੀਡੀਆ ਰਾਹੀਂ ਪ੍ਰਚਾਰ ਹੋਵੇ। ਇਸ ਹੁਕਮ ਦੀਆਂ ਨਕਲਾਂ ਸੀਨੀਅਰ ਪੁਲਿਸ ਕਪਤਾਨ/ਉਪ ਮੰਡਲ ਮੈਜਿਸਟਰੇਟਸ/ਤਹਿਸੀਲਦਾਰ/ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਭ ਤੇ ਮ, ਸ਼ਾਖਾ, ਰੂਪਨਗਰ, ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ/ਕਾਰਜ ਸਾਧਕ ਅਫਸਰ, ਨਗਰ ਕੌਂਸ਼ਲ ਸ੍ਰੀ ਅਨੰਦਪੁਰ ਸਾਹਿਬ,ਨੰਗਲ ਅਤੇ ਨਗਰ ਪੰਚਾਇਤ ਕੀਰਤਪੁਰ ਸਾਹਿਬ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਅਧੀਨ ਅੱਜ ਮਿਤੀ 22/02/2021 ਨੂੰ ਜਾਰੀ ਕੀਤਾ ਗਿਆ।

(ਮੋਹਰ: ਜਿਲ੍ਹਾ ਮੈਜਿਸਟਰੇਟ, ਸਤਯਮੇਵ ਜਯਤੇ, ਰੂਪਨਗਰ।)

ਜਿਲ੍ਹਾ ਮੈਜਿਸਟਰੇਟ,
ਰੂਪਨਗਰ।

ਪਿੱਠ ਅੰਕਣ ਨੰ: 4230-66 /ਫਸ-1 ਮਿਤੀ 24/02/2021

ਇਸਦਾ ਇੱਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਹਿ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
3. ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ।
4. ਡੀ.ਆਈ.ਜੀ., ਰੂਪਨਗਰ ਰੇਂਜ, ਰੂਪਨਗਰ।
5. ਡੀ.ਆਈ.ਜੀ., ਸੀ.ਆਈ.ਡੀ., ਪੰਜਾਬ, ਚੰਡੀਗੜ੍ਹ।
6. ਸਮੂਹ ਜਿਲ੍ਹਾ ਮੈਜਿਸਟਰੇਟ, ਅਜੀਤਗੜ੍ਹ (ਮੋਹਾਲੀ), ਪਟਿਆਲਾ, ਫਤਿਹਗੜ੍ਹ ਸਾਹਿਬ, ਸੰਗਰੂਰ, ਬਰਨਾਲਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਿਰੋਜਪੁਰ, ਮਾਨਸਾ, ਮੋਗਾ, ਹੁਸ਼ਿਆਰਪੁਰ, ਸਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ), ਫਾਜਿਲਕਾ, ਪਠਾਨਕੋਟ।
7. ਡਾਇਰੈਕਟਰ, ਆਲ ਇੰਡੀਆ ਰੇਡੀਓ, ਜਲੰਧਰ।
8. ਸੀਨੀਅਰ ਪੁਲਿਸ ਕਪਤਾਨ, ਰੂਪਨਗਰ
9. ਜਿਲ੍ਹਾ ਅਤੇ ਸੈਸ਼ਨ ਜੱਜ, ਰੂਪਨਗਰ।
10. ਉਪ ਮੰਡਲ ਮੈਜਿਸਟਰੇਟ, ਰੂਪਨਗਰ/ ਸ੍ਰੀ ਚਮਕੌਰ ਸਾਹਿਬ/ ਸ੍ਰੀ ਆਨੰਦਪੁਰ ਸਾਹਿਬ/ਨੰਗਲ/ਮੋਰਿੰਡਾ

11. ਜਿਲ੍ਹਾ ਲੋਕ ਸੰਪਰਕ ਅਫਸਰ, ਰੂਪਨਗਰ (10 ਕਾਪੀਆਂ)
12. ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਭ ਤੇ ਮ ਸ਼ਾਖਾ, ਰੂਪਨਗਰ।
13. ਕਾਰਜਕਾਰੀ ਇੰਜੀਨੀਅਰ, ਪ੍ਰਾਂਤਿਕ ਮੰਡਲ, ਲੋ:ਨਿ:ਵਿ:ਭ ਤੇ ਮ ਸ਼ਾਖਾ, ਐਸ.ਏ.ਐਸ.ਨਗਰ।
14 ਤਹਿਸੀਲਦਾਰ,ਰੂਪਨਗਰ,ਸ੍ਰੀ ਅਨੰਦਪੁਰ ਸਾਹਿਬ,ਸ੍ਰੀ ਚਮਕੌਰ ਸਾਹਿਬ,ਨੰਗਲ,ਮੋਰਿੰਡਾ
15 ਜਿਲਾ ਵਿਕਾਸ ਅਤੇ ਪੰਚਾਇਤ ਅਫਸਰ,ਰੂਪਨਗਰ।
16 ਕਾਰਜ ਸਾਧਕ ਅਫਸਰ ਨਗਰ ਕੌਂਸਲ ਰੂਪਨਗਰ,ਸ੍ਰੀ ਅਨੰਦਪੁਰ ਸਾਹਿਬ,ਮੋਰਿੰਡਾ,ਨੰਗਲ।
17 ਕਾਰਜ ਸਾਧਕ ਅਫਸਰ ਨਗਰ ਪੰਚਾਇਤ ਸ੍ਰੀ ਚਮਕੌਰ ਸਾਹਿਬ,ਕੀਰਤਪੁਰ ਸਾਹਿਬ
18. ਜਿਲਾ ਸੂਚਨਾਂ ਅਫਸਰ, ਰੂਪਨਗਰ।
19. ਪੀ.ਏ. ਟੂ ਡੀ.ਐਮ.,/ਏ.ਡੀ.ਐਮ., ਰੂਪਨਗਰ

ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਰੂਪਨਗਰ।